# 4. ਮੈਨੂੰ ਜਾਣਨੈ ?

ਮੈਨੂੰ ਟੋਕਰੀ ਵਿੱਚ ਫਲ ਪੁਆਂਦਿਆਂ ਵੇਖ ਕੇ ਉਹ ਚੁਕਣ ਲਈ ਦੁਕਾਨ ਤੇ ਆ ਖਲੋਤਾ।

"ਟੋਕਰੀ ਚੁਕਾਣੀ ਏਂ ?" ਉਸ ਹੌਲੀ ਜਿਹੀ ਪੁੱਛਿਆ।

ਇਹੋ ਜਿਹੀ ਦਿਸਣੀ ਵਾਲੇ ਚਿਹਰੇ ਵਿੱਚੋ ਮੈਨੂੰ ਇਸ ਤੋਂ ਉੱਚੀ ਆਵਾਜ਼ ਆਉਣ ਦੀ ਓਮੀਦ ਵੀ ਨਹੀਂ ਸੀ। ਓਪਰੀ ਜਿਹੀ ਨਜ਼ਰ ਨਾਲ ਵੇਖਿਆ ਵੀ ਇਹ ਦਿਸ ਪੈਂਦਾ ਸੀ ਕਿ ਉਸ ਦੇ ਹੋਸ਼ ਹਵਾਸ ਬਹੁਤੇ ਟਿਕਾਣੇ ਨਹੀ। ਅਸਲੋਂ ਹੀ ਮੁਰਦਾ ਦਿਲ ਜਾਪਦਾ ਸੀ।

ਮੈ ਨਾਂਹ ਕਰ ਦਿੱਤੀ। ਉਸ ਨੂੰ ਆਪਣੇ ਨਾਲ ਤੋਰਨ ਨੂੰ ਮੇਰਾ ਜੀ ਨਹੀਂ ਕਰਦਾ ਸੀ। ਜੇ ਉਸ ਨੂੰ ਅਜੇ ਵੀ ਮਨੁੱਖ ਕਿਹਾ ਜਾ ਸਕਦਾ ਸੀ ਤਾਂ ਉਹ ਮਨੁੱਖਤਾ ਦਾ ਬੜਾ ਮਿਧਿਆ ਹੋਇਆ ਨਮੂਨਾ ਸੀ। ਜ਼ਿੰਦਗੀ ਉਸ ਵਿੱਚ ਇੰਨੀ ਕੁ ਹੀ ਸੀ ਜਿੰਨੀ ਮਾਂਹ ਦੇ ਦਾਣੇ ਤੇ ਸਫ਼ੈਦੀ। ਉਸ ਦੇ ਮੱਥੇ, ਬੁੱਲ੍ਹ , ਧੌਣ, ਕਪੜੇ, ਪੈਰ ਸਾਰਿਆਂ ਤੇ ਜਿਵੇਂ ਇੱਕ ਸੁਹਾਗਾ ਵੱਜ ਗਿਆ ਹੋਇਆ ਸੀ। ਉਹਨਾਂ ਵਿੱਚੋਂ ਕੋਈ ਵੀ ਵੇਖਣ ਵਾਲੇ ਦੇ ਦਿਲ ਨੂੰ ਆਵਾਜ਼ ਨਹੀਂ ਮਾਰਦਾ ਸੀ। ਉਸ ਨਾਲ ਗੱਲ ਕੀਤਿਆਂ ਜਵਾਬ ਆਉਣ ਦੀ ਉਮੀਦ ਨਹੀਂ ਸੀ। ਸਾਮਾਨ ਚੁੱਕ ਕੇ ਨਾਲ ਤੁਰਨ ਵਾਲਾ ਵੀ ਤੇ ਆਖਰ ਸਾਥੀ ਹੀ ਹੁੰਦਾ ਹੈ। ਤੁਸੀਂ ਕਿਸੇ ਬੰਦੇ ਨੂੰ ਸਾਮਾਨ ਚੁੱਕਾ ਕੇ ਜਾਂ ਉਸ ਨਾਲ ਇਕ ਤਰ੍ਹਾਂ ਨਿਰਸੰਬੰਧ ਹੋ ਕੇ ਨਹੀਂ ਤੁਰ ਸਕਦੇ, ਜਿਵੇਂ ਖੋਤੇ ਜਾਂ ਮੋਟਰ ਤੇ ਸਾਮਾਨ ਰੱਖਿਆ ਹੋਇਆ ਹੁੰਦਾ ਹੈ। ਉਸ ਦੀ ਹੋਂਦ ਦਾ ਪ੍ਰਭਾਵ ਤੁਹਾਡੇ ਤੇ ਪੈਂਦਾ ਰਹਿੰਦਾ ਹੈ।

ਮੇਰੇ ਨਾਂਹ ਕਰਨ ਦਾ ਉਸ ਤੇ ਅਸਲੋਂ ਕੋਈ ਅਸਰ ਨਾ ਹੋਇਆ। ਪਤਾ ਨਹੀਂ ਉਸ ਨੇ ਸੁਣਿਆ ਵੀ ਕਿ ਨਾ। ਮੈਨੂੰ ਉਸ ਦੀ ਸੁਣਨ, ਬੋਲਣ, ਵੇਖਣ ਕਿਸੇ ਵੀ ਸ਼ਕਤੀ ਤੇ ਕੋਈ ਵੀ ਵਿਸ਼ਵਾਸ਼ ਨਹੀਂ ਸੀ। ਉਸ ਨੂੰ ਅਜੇ ਵੀ ਉੱਥੇ ਖਲੋਤਾ ਵੇਖ ਕੇ ਦੁਕਾਨਦਾਰ ਮੈਨੂੰ ਖੁਸ਼ ਕਰਨ ਲਈ ਉਸ ਨਾਲ ਤੱਤਾ ਹੋਣ ਲੱਗ ਪਿਆ। ਉਸ ਦੀ ਬੇਇਜ਼ਤੀ ਦਾ ਕਾਰਨ ਬਣ ਕੇ ਮੈਨੂੰ ਅਫ਼ਸੋਸ ਹੋਇਆ। ਆਖ਼ਰ ਮੈਂ ਕਿਸੇ ਨੂੰ ਤੇ ਫਲ ਚੁਕਾਣੇ ਹੀ ਸਨ। ਚਲੋ ਇਸੇ ਨੂੰ ਹੀ ਚੁਕਾ ਲੈਂਦੇ ਹਾਂ। ਮੈਂ ਮੰਨ ਗਿਆ।

ਅਸੀਂ ਟੁਰ ਪਏ। ਟੁਰਦਿਆਂ ਟੁਰਦਿਆਂ ਮੈ ਇਹ ਜਾਨਣ ਲਈ ਕਾਹਲਾ ਪੈ ਗਿਆ ਕਿ ਕਿਸ ਗੱਲ ਨੇ ਉਸ ਨੂੰ ਇਸ ਤਰ੍ਹਾਂ ਰਗੜ ਸੁੱਟਿਆ ਸੀ। ਭੁੱਖ ਨੰਗ ਦੇ ਮਿੱਧੇ ਹੋਏ ਲੋਕ ਮੈਂ ਅੱਗੇ ਵੇਖੇ ਸਨ। ਉਹਨਾਂ ਵਿੱਚੋਂ ਤਾਂ ਕਈਆਂ ਨੂੰ ਇਸ ਨਾਲ ਹੋਰ ਵੀ ਬਲ ਮਿਲ ਜਾਂਦਾ ਹੈ। ਤੇ ਉਹ ਹੋਰ ਵੀ ਵਧੇਰੇ ਚੇਤਨ ਹੋ ਜਾਂਦੇ ਨੇ। ਨਹੀਂ ਇਹ ਉਹਨਾਂ ਵਿੱਚੋਂ ਨਹੀਂ ਸੀ। ਉਸ ਨੂੰ ਤੇ ਸ਼ਾਇਦ ਇਹ ਵੀ ਪਤਾ ਨਹੀਂ ਸੀ ਕਿ ਉਹ ਕੁਮਲਾ ਗਿਆ ਹੈ। ਪੈਰ ਪੈਰ ਤੇ ਮੈਨੂੰ ਡਰ ਲੱਗਦਾ ਸੀ ਕਿ ਉਹ ਕਿਧਰੇ ਮੋਟਰ ਟਾਂਗੇ ਥੱਲੇ ਨਾ ਆ ਜਾਵੇ।

"ਤੂੰ ਇੱਥੋਂ ਦਾ ਹੈ ਕਿ ਉਧਰੋਂ ਆਇਆ ਏਂ ?" ਮੈਂ ਗੱਲ ਛੇੜ ਦਿੱਤੀ। 'ਉਧਰੋਂ' ਤੋਂ ਮੇਰਾ ਭਾਵ ਪਾਕਿਸਤਾਨ ਤੋਂ ਸੀ।

ਉਸ ਨੇ ਮੇਰੀ ਗੱਲ ਨਾ ਗੌਲੀ । ਮੇਰੇ ਸੁਆਲਾਂ ਦਾ ਜੁਆਬ ਦੇਣ ਨੂੰ ਉਹ ਕੋਈ ਕਾਹਲਾ ਨਹੀਂ ਸੀ। ਜਾਂ ਤੇ ਉਹ ਸੁਣਦਾ ਨਹੀਂ ਸੀ ਜਾਂ ਸੁਣ ਕੇ ਸਮਝਦਾ ਨਹੀਂ ਸੀ। ਪਿਛਲੀ ਗੱਲ ਸੱਚਾਈ ਦੇ ਵਧੇਰੇ ਨੇੜੇ ਦਿਸਦੀ ਸੀ। ਬਾਹਰਲੀਆਂ ਅਵਾਜ਼ਾਂ ਉਸ ਦੇ ਦਿਮਾਗ ਵਿੱਚ ਖੁੱਭ ਕੇ ਕੋਈ ਜਵਾਬ ਕੱਢਣ ਦੀ ਥਾਂ ਇਧਰ ਉਧਰ ਤਿਲਕ ਜਾਂਦੀਆਂ ਜਿਵੇਂ ਬਤਖ਼ ਦੇ ਪਿੰਡੇ ਤੋਂ ਪਾਣੀ। ਬੜੀ ਮੁਸ਼ਕਲ ਨਾਲ ਮੈਂ ਕੁਝ ਗੱਲਾਂ ਉਸ ਦੇ ਅੰਦਰੋਂ ਖੁਰਚੀਆਂ।

"ਤੂੰ ਪਾਕਿਸਤਾਨ ਵਿੱਚੋਂ ਆਇਆ ਹੋਇਆ ਏਂ ?"

"ਆਹੋ।"

"ਕਿਹੜੇ ਥਾਓਂ ?"

"ਸਾਂਗਲਿਓਂ।"

"ਇੱਥੇ ਕੀ ਕਰਨਾ ਏਂ ?"

"ਕੁਝ ਵੀ ਨਹੀਂ।"

"ਰਾਤ ਸੌਂਦਾ ਕਿਥੇ ਵੇ ?"

"ਏਥੇ ਈ ਸੜਕ ਤੇ ਸੌਂ ਰਹਿਨਾਂ ਵਾਂ!"

"ਰੋਟੀ ਕਿਥੋਂ ਖਾਨਾਂ ਏ ?"

"ਕਿਸੇ ਤਨੂਰ ਤੋਂ ਖਾ ਲੈਨਾਂ, ਦੋ ਆਨਿਆਂ ਦੀ।"

"ਤੇਰੀ ਵਹੁਟੀ, ਧੀ, ਪੁੱਤ੍ਰ, ਭੈਣ , ਭਰਾ ਕੁਝ ਨਹੀਂ ?"

"ਊਹੂੰ!" ਉਸ ਨੇ ਸਿਰ ਫੇਰ ਦਿੱਤਾ।

"ਤੂੰ ਦਿਹਾੜੀ ਵਿੱਚ ਕਿੰਨੇ ਪੈਸੇ ਖੱਟ ਲੈਨਾ ਏਂ ?"

"ਇਹੋ ਪੰਜ ਸੱਤ ਆਨੇ।"

ਉਹ ਸਾਂਗਲੇ ਤੋਂ ਆਇਆ ਸੀ। ਮੈਂ ਸੁਣਿਆ ਹੋਇਆ ਸੀ ਕਿ ਸਾਂਗਲੇ ਇੱਕ ਪਹਾੜੀ ਹੈ, ਜਿਸ ਤੋਂ ਪੱਥਰ ਕੱਟ ਕੇ ਗੱਡੀ ਦੀਆਂ ਲਾਈਨਾਂ ਤੇ ਵਿਛਾਇਆ ਜਾਂਦਾ ਹੈ। ਇਸੇ ਲਈ ਉਸ ਨੂੰ ਸਾਂਗਲਾ ਹਿੱਲ ਵੀ ਆਖਦੇ ਸਨ। "ਤੂੰ ਉੱਥੇ ਸਾਂਗਲੇ ਕਦੀ ਪਹਾੜੀ ਤੇ ਚੜ੍ਹਿਆ ਸੈ ?" ਮੈਂ ਗੱਲ ਟੋਰੀ ਰੱਖਣ ਲਈ ਕਿਹਾ।

"ਹੈਂ ?"

"ਤੂੰ ਸਾਂਗਲੇ ਤੋਂ ਆਇਆ ਏਂ ਨਾ। ਉੱਥੇ ਜਿਹੜੀ ਪਹਾੜੀ ਸੀ ਤੂੰ ਕਦੀਂ ਉਸ ਤੇ ਚੜ੍ਹਿਆ ਸੈਂ ?"

"ਤੂੰ ਮੈਨੂੰ ਜਾਣਨੈ ?" ਉਸ ਚਾਅ ਨਾਲ ਉੱਛਲ ਕੇ ਕਿਹਾ। ਪਹਾੜੀ ਨਾਲ ਜੋੜਿਆਂ ਜਿਵੇਂ ਉਸ ਨੂੰ ਅੰਮ੍ਰਿਤ ਦਾ ਟੀਕਾ ਲੱਗ ਗਿਆ ਹੋਵੇ। ਆਪਣੇ ਸਾਂਗਲੇ ਤੋਂ ਆਉਣ ਦੀ ਗੱਲ ਉਸ ਆਪ ਮੈਨੂੰ ਦੱਸੀ ਸੀ, ਇਹ ਉਸ ਨੂੰ ਯਾਦ ਨਹੀਂ ਸੀ ਰਿਹਾ।

"ਆਹੋ ਮੈਂ ਤੈਨੂੰ ਉੱਥੇ ਵੇਖਿਆ ਏ।" ਮੈਂ ਉਸ ਦਾ ਦਿਲ ਨਹੀਂ ਤੋੜਨਾ ਚਾਹੁੰਦਾ ਸਾਂ।

"ਹਲਾ!" ਉਸ ਦੇ ਮੂੰਹ 'ਤੇ ਖੇੜਾ ਖੇਡ ਰਿਹਾ ਸੀ। ਉਸ ਸਿਰ ਤੋ ਪੈਰਾਂ ਤੱਕ ਮੈਨੂੰ ਚੰਗੀ ਤਰ੍ਹਾਂ ਵੇਖਿਆ ਤੇ ਫਿਰ ਆਪਣੇ ਆਪ ਨੂੰ। ਜਦ ਦਾ ਉਹ ਮੇਰੇ ਨਾਲ ਤੁਰਿਆ ਸੀ, ਪਹਿਲੀ ਵਾਰ ਉਸ ਨੇ ਕੁਝ

ਦੇਖਣ ਦੀ ਕੋਸ਼ਿਸ਼ ਕੀਤੀ ਸੀ।

"ਤੂੰ ਮੈਨੂੰ ਉੱਥੇ ਵੇਖਿਐ ?" ਉਸ ਮੇਰੀ ਕੀਤੀ ਹੋਈ ਗੱਲ ਨੂੰ ਫੇਰ ਦੁਹਰਾਇਆ।

"ਆਹੋ।"

"ਮੈਨੂੰ ਤੇ ਨਹੀਂ ਤੇਰਾ ਚੇਤਾ ਆਉਂਦਾ।"

"ਤੈਨੂੰ ਨਹੀਂ ਆਉਂਦਾ ਪਰ ਮੈਂ ਤੈਨੂੰ ਉੱਥੇ ਵੇਖਿਐ।"

ਇੰਨੇ ਨੂੰ ਅਸੀਂ ਘਰ ਅੱਪੜ ਪਏ। ਮੈਂ ਉਸ ਦੀ ਮਜ਼ਦੂਰੀ ਦਿੱਤੀ!

"ਇੱਕ ਗੱਲ ਹੋਰ ਏ।"

"ਕੀ ?"

"ਮੈਨੂੰ ਕੋਈ ਪੁਰਾਣਾ ਕਮੀਜ਼ ਪਜਾਮਾ ਦੇਹ।"

ਨਵੀਂ ਗੰਢੀ ਵਾਕਫ਼ੀ ਕਰ ਕੇ ਮੈਂ ਉਸ ਨੂੰ ਨਾਂਹ ਨਹੀਂ ਕਰ ਸਕਦਾ ਸਾਂ। ਇੱਕ ਪੁਰਾਣੀ ਕਮੀਜ਼ ਤੇ ਪਜਾਮਾ ਮੈਂ ਅੰਦਰੋਂ ਲਿਆ ਕੇ ਉਸ ਨੂੰ ਦੇ ਦਿੱਤਾ। ਉਹ ਖ਼ੁਸ਼ੀ ਖ਼ੁਸ਼ੀ ਪਿਛਾਂਹ ਮੁੜ ਗਿਆ। ਉਸ ਦਾ ਪੈਰ ਹੁਣ ਕੁਝ ਤ੍ਰਿੱਖਾ ਸੀ।

ਤਿੰਨ ਚਾਰ ਦਿਨ ਲੰਘ ਗਏ। ਇੱਕ ਦਿਨ ਉਹ ਮੇਰੇ ਘਰ ਆ ਕੇ ਵਾਜਾਂ ਮਾਰਨ ਲੱਗ ਪਿਆ। ਮੈਂ ਬਾਹਰ ਆਇਆ ਤੇ ਉਸ ਨੂੰ ਵੇਖ ਕੇ ਹੈਰਾਨ ਰਹਿ ਗਿਆ। ਉਹ ਪਹਿਲੇ ਨਾਲੋਂ ਬਹੁਤ ਬਦਲਿਆ ਹੋਇਆ ਸੀ। ਉਸ ਨੇ ਮੇਰਾ ਦਿੱਤਾ ਹੋਇਆ ਕਮੀਜ਼ ਪਜਾਮਾ ਪਾਇਆ ਹੋਇਆ ਸੀ। ਉਸ ਦਾ ਮੂੰਹ ਅੱਖਾਂ ਨੱਕ ਸਭ ਨਿਖਰੇ ਹੋਏ ਸਨ। ਕੋਲ ਹੀ ਉਸ ਨੇ ਇੱਕ ਸਾਈਕਲ ਰਿਕਸ਼ਾ ਖੜੀ ਕੀਤੀ ਹੋਈ ਸੀ।

"ਸੈਰ ਕਰਨ ਜਾਣੈ ?" ਉਸ ਪੁੱਛਿਆ। ਉਹ ਹੁਣ ਰਿਕਸ਼ਾ ਵਾਹੁਣ ਲੱਗ ਪਿਆ ਸੀ ਤੇ ਆਪਣੇ ਰਿਕਸ਼ੇ ਤੇ ਬਿਠਾ ਕੇ ਮੈਨੂੰ ਇੱਧਰ ਉਧਰ ਘੁੰਮਾਣਾ ਚਾਹੁੰਦਾ ਸੀ। "ਨਹੀਂ ਭਾਈ ਮੈਂ ਵਾਂਢੇ ਜਾਣੈ। ਹੁਣ ਸਾਮਾਨ ਬੰਨ੍ਹ ਰਿਹਾ ਹਾਂ ਦਸਾਂ ਦਿਨਾਂ ਨੂੰ ਮੁੜ ਕੇ ਆਵਾਂਗਾ, ਫਿਰ ਤੇਰੇ ਨਾਲ ਸੈਰ ਕਰਨ ਚਲਾਂਗਾ।"

ਦਸਾਂ ਦਿਨਾਂ ਪਿਛੋਂ ਉਹ ਫਿਰ ਆਇਆ। ਮੈਂ ਉਸ ਦੇ ਰਿਕਸ਼ੇ ਤੇ ਬੈਠ ਗਿਆ। "ਕਿਥੇ ਦੀ ਸੈਰ ਕਰਨੀ ਏਂ ?" ਉਸ ਪੁੱਛਿਆ। ਮੈਂ ਕਿਹਾ "ਜਿੱਥੇ ਸਲਾਹ ਈ ਲੈ ਚਲ।"

ਇੱਕ ਗਲੀ ਵਿੱਚ ਜਾ ਕੇ ਉਸ ਨੇ ਰਿਕਸ਼ਾ ਖੜੀ ਕਰ ਦਿੱਤੀ। ਉਸ ਜੰਦਰਾ ਖੋਲ੍ਹਿਆ ਅਸੀਂ ਇੱਕ ਕੋਠੇ ਵਿੱਚ ਵੜ ਗਏ। ਉਥੇ ਇਕ ਮੰਜੀ ਡੱਠੀ ਹੋਈ ਸੀ। ਇਕ ਕੰਧ ਤੇ ਇਕ ਲਾਲਟੈਣ ਟੰਗੀ ਹੋਈ ਸੀ ਤੇ ਪੁਰਾਣੇ ਰਸਾਲਿਆਂ ਤੇ ਅਖ਼ਬਾਰਾਂ ਵਿੱਚੋਂ ਪਾੜੀਆਂ ਹੋਈਆਂ ਐਕਟ੍ਰੈਸਾਂ ਦੀਆਂ ਕੁਝ ਤਸਵੀਰਾਂ ਲੱਗੀਆਂ ਹੋਈਆਂ ਸਨ। ਮੈਂ ਮੰਜੀ 'ਤੇ ਬੈਠ ਗਿਆ।

"ਇਹ ਕੋਠਾ ਤੇਰਾ ਏ ?" ਮੈਂ ਪੁੱਛਿਆ।

"ਇਹ ਮੈਂ ਕਿਰਾਏ ਤੇ ਲਿਆ ਏ। ਮੈਂ ਕਿਹਾ ਤੈਨੂੰ ਸੈਰ ਕਰਾਣ ਲਿਆਵਾਂਗਾ ਕਿਥੇ। ਇਸ ਰਿਕਸ਼ੇ ਵਿੱਚੋਂ ਮੈਨੂੰ ਦੋ ਤਿੰਨ ਰੁਪਏ ਰੋਜ਼ ਬਚ ਜਾਂਦੇ ਨੇ। ਕਿਰਾਇਆ ਕਰੂਆ ਦੇ ਲਵਾਂਗੇ।"

"ਉਧਰ ਕੀ ਕੰਮ ਕਰਦਾ ਸੈਂ ਤੂੰ ?"

"ਉਧਰ ਮੈਂ ਕਈ ਕੰਮ ਕੀਤੇ, ਮੇਰਾ ਪਿਓ ਆਪਣੇ ਪਿੰਡ ਵਿੱਚ ਖੱਡੀ ਉਣਦਾ ਸੀ। ਪਹਿਲੇ ਮੈਂ ਖੱਡੀ ਉਣਨੀ ਸਿੱਖੀ। ਫਿਰ ਖੱਡੀਆਂ ਛੱਡ ਕੇ ਬਕਰੀਆਂ ਪਾਲੀਆਂ। ਫਿਰ ਮੇਰਾ ਪਿਓ ਮਰ ਗਿਆ। ਹੋਰ ਕੋਈ ਭੈਣ ਭਰਾ ਹੈ ਨਹੀਂ ਸੀ। ਉਹ ਹੱਟੀ ਚੁਕ ਕੇ ਮੈਂ ਸਾਂਗਲੇ ਸ਼ਹਿਰ ਲੈ ਆਂਦੀ ਤੇ ਉਥੇ ਹੀ ਮਿਸਰੀ ਨਸ਼ਾਦਰ ਦੇ ਡੱਬੇ ਪੀਪੇ ਭਰੇ ਭਰਾਇ ਛਡ ਕੇ ਇਧਰ ਆ ਗਿਆ। ਫਿਰ ਹੁਣ ਤੂੰ ਮਿਲ ਪਿਉਂ।"

"ਤੂੰ ਹੁਣ ਵਿਆਹ ਕਰਾ ਲੈ।" ਮੈਂ ਦਵਾਲੇ ਦੀ ਸੁੰਞ ਅਨੁਭਵ ਕਰਦਿਆਂ ਹੋਇਆਂ ਮਸ਼ਵਰਾ ਦਿੱਤਾ।

"ਵਿਆਹ ਤੇ ਮੈਂ ਉਧਰ ਵੀ ਕਰਾਇਆ ਸੀ। ਇੱਕ ਦਿਨ ਮੈਂ ਉਹਨੂੰ ਦੋ ਚਪੇੜਾਂ ਮਾਰ ਬੈਠਾ, ਰੋਣ ਪਿਟਣ ਲਗ ਪਈ। ਆਂਢ ਗੁਆਂਢ ਨੂੰ ਰੋ ਰੋ ਸੁਣਾਏ। ਆਖੇ ਮੈਂ ਮੁਫ਼ਤ ਲਭੀਆਂ ਤਾਂਹੀਓ ਈ ਤੇ ਮਾਰਦਾ ਏ। ਜੇ ਪੈਸੇ ਖ਼ਰਚ ਕੇ ਲਿਆਂਦੀ ਹੁੰਦੀ ਤਾਂ ਕਾਹਤੋਂ ਮਾਰਦਾ। ਅਗਲੇ ਦਿਨ ਉਹ ਪੇਕਿਆਂ ਦੇ ਘਰ ਟੁਰ ਗਈ। ਬਸ ਫਿਰ ਨਹੀਂ ਆਈ। ਹੁਣ ਜੇ ਵਿਆਹ ਕਰਾਇਆ ਤਾਂ ਪੈਸੇ ਦੇ ਕੇ ਹੀ ਕਰਾਂਗੇ। ਉਂਜ ਵੀ ਕਿਹੜਾ ਸਾਡੇ ਲਈ ਕੋਈ ਮੁਫ਼ਤ ਸਾਕ ਲਈ ਬੈਠਾ ਏ। ਏਧਰ ਆ ਕੇ ਵਰ੍ਹਿਆਂ ਪਿਛੋਂ ਤੇ ਸਿਞਾਣੂ ਬੰਦਾ ਮੱਥੇ ਲੱਗਾ ਏ। ਬਸ ਕੁਝ ਕਰੋ ਕੁਝ ਨਾ ਕਰੋ, ਕੋਈ ਵੇਖਦਾ ਈ ਨਹੀਂ, ਕੋਈ ਸਿਞਾਂਣਦਾ ਹੀ ਨਹੀਂ। ਪਤਾ ਨਹੀਂ ਲੋਕ ਕਿਧਰ ਨੂੰ ਲੱਗ ਗਏ ਨੇ। ਵਿਆਹ ਤੇ ਹੁਣ ਮੈਂ ਕਰਾ ਲੈਣੈ, ਬਸ ਪੈਸੇ ਇੱਕਠੇ ਹੋਣ ਦੀ ਡੇਰ ਏ।"

"ਜਦੋਂ ਦਾ ਤੂੰ ਇਧਰ ਆਇਆ ਏਂ, ਜੇ ਉਦੋਂ ਦਾ ਲੱਗਾ ਹੁੰਦਾ ਤਾਂ ਹੁਣ ਨੂੰ ਦੋ ਵਹੁਟੀਆਂ ਜੋਗੇ ਪੈਸੇ ਬਣਾ ਲੈਣੇ ਸਨ।" ਮੈਂ ਉਸ ਨੂੰ ਹੱਲਾ ਸ਼ੇਰੀ ਦਿੰਦੇ ਹੋਏ ਕਿਹਾ।

"ਕੋਈ ਸੁਰ ਈ ਨਹੀਂ ਲੱਗਾ। ਮੈਨੂੰ ਤੇ ਸੁਰਤ ਈ ਹੁਣ ਆਈ ਏ, ਜਿਉਂ ਦਾ ਪਰਾ ਟੱਪਿਆਂ। ਮੈਨੂੰ ਤੇ ਜਾਣਦਾ ਹੀ ਕੋਈ ਨਹੀਂ ਸੀ।"

********

## ਅਭਿਆਸ-ਪ੍ਰਸ਼ਨ

1. ਮੈਂ ਪਾਤਰ ਕਹਾਣੀ ਦੇ ਅਰੰਭ ਵਿੱਚ ਉਸ ਬਾਰੇ ਕੀ ਸੋਚਦਾ ਹੈ ?

2. ਮੈਂ ਪਾਤਰ ਉਸ ਬਾਰੇ ਕਿਹੜੀ ਗੱਲ ਜਾਣਨਾ ਚਾਹੁੰਦਾ ਹੈ ?

3. ਉਹ ਕਿੱਥੋਂ ਦਾ ਰਹਿਣ ਵਾਲਾ ਸੀ ?

4. ਮੈਂ ਪਾਤਰ ਨੇ ਸਾਂਗਲੇ ਸੰਬੰਧੀ ਕੀ ਸੁਣਿਆ ਹੋਇਆ ਸੀ ?

5. "ਤੂੰ ਮੈਨੂੰ ਜਾਣਨੈ ?" ਵਾਕ ਕਹਾਣੀ ਵਿੱਚ ਕਿਸ ਪ੍ਰਸੰਗ ਵਿੱਚ ਵਰਤਿਆ ਗਿਆ ਹੈ ?

6. ਵਿਆਹ ਸੰਬੰਧੀ ਉਸਦੇ ਕੀ ਵਿਚਾਰ ਸਨ ?

7. "ਮੈਨੂੰ ਜਾਣਨੈ ?" ਕਹਾਣੀ ਕੀ ਸੁਨੇਹਾ ਦਿੰਦੀ ਹੈ ?

# 1. ਗੁਰਦਿਆਲ ਸਿੰਘ

ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦਾ ਬਹੁ-ਵਿਧਾਈ ਲੇਖਕ ਰਿਹਾ ਹੈ। ਨਾਵਲ, ਕਹਾਣੀ, ਨਾਟਕ, ਬਾਲਸਾਹਿਤ, ਅਨੁਵਾਦ ਆਦਿ ਵਿਧਾਵਾਂ ਵਿੱਚ ਉਸ ਨੇ ਰਚਨਾਕਾਰੀ ਕੀਤੀ। ਉਸ ਨੇ ਕਹਾਣੀ ਵਿਧਾ ਵਿੱਚ ਵੀ ਚੰਗਾ ਨਾਮਣਾ ਖੱਟਿਆ। ਉਸ ਨੇ ਆਪਣੀਆਂ ਕਹਾਣੀਆਂ ਵਿੱਚ ਮਾਲਵੇ ਖਿੱਤੇ ਵਿੱਚ ਵਿਚਰਦੇ ਨਿਮਨ ਕਿਰਤੀ ਵਰਗ ਦੀਆਂ ਸਮੱਸਿਆਵਾਂ ਨੂੰ ਕੇਂਦਰੀ ਵਿਸ਼ਾ ਬਣਾਇਆ।

ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਨੂੰ ਜਗਤ ਸਿੰਘ ਦੇ ਘਰ ਜੈਤੋ(ਜਿਲ੍ਹਾ ਫਰੀਦਕੋਟ) ਵਿਖੇ ਹੋਇਆ। ਉਸ ਨੇ ਮੁੱਢਲੀ ਵਿਦਿਆ ਗ੍ਰਹਿਣ ਕਰਨ ਉਪਰੰਤ ਅਧਿਆਪਨ ਕਿੱਤੇ ਨੂੰ ਅਪਣਾਇਆ। ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਬਠਿੰਡਾ ਵਿਖੇ ਬਤੌਰ ਪੰਜਾਬੀ ਪ੍ਰਾਧਿਆਪਕ ਆਪਣੀ ਭੂਮਿਕਾ ਨਿਭਾਈ। ਉਸ ਦੀ ਸਾਹਿਤਕ ਘਾਲਣਾ ਕਰਕੇ ਉਸ ਨੂੰ ਦੇਸ਼ ਦੇ ਸਰਵੋਤਮ ਐਵਾਰਡ ਗਿਆਨਪੀਠ ਨਾਲ ਨਿਵਾਜਿਆ ਗਿਆ। ਉਸ ਨੂੰ ਭਾਰਤੀ ਸਾਹਿਤਕ ਅਕਾਦਮੀ ਦਾ ਪੁਰਸਕਾਰ 'ਅੱਧ ਚਾਨਣੀ ਰਾਤ' ਨਾਵਲ ਉੱਪਰ ਹਾਸਲ ਹੋਇਆ। ਉਸ ਦੀ ਮੌਤ 2016 ਨੂੰ ਹੋਈ।

ਨਾਵਲ ਰਚਨਾ ਦੇ ਨਾਲ-ਨਾਲ ਉਸ ਦਾ ਕਹਾਣੀ ਰਚਨਾ ਵਿੱਚ ਵੀ ਵਿਸ਼ੇਸ਼ ਯੋਗਦਾਨ ਹੈ। 'ਸੱਗੀ ਫੁੱਲ', 'ਓਪਰਾ ਘਰ', 'ਕੁੱਤਾ ਤੇ ਆਦਮੀ', 'ਰੁੱਖੇ-ਮਿੱਸੇ ਬੰਦੇ', 'ਪੱਕਾ ਟਿਕਾਣਾ', 'ਕਰੀਰ ਦੀ ਢੀਂਗਰੀ' ਆਦਿ ਮਹੱਤਵਪੂਰਨ ਕਹਾਣੀ ਸੰਗ੍ਰਹਿ ਹਨ।

ਉਹ ਆਪਣੀਆਂ ਕਹਾਣੀਆਂ ਵਿੱਚ ਪ੍ਰਗਤੀਵਾਦੀ ਰਚਨਾ-ਦ੍ਰਿਸ਼ਟੀ ਅਪਨਾਉਂਦਾ ਹੋਇਆ ਹੇਠਲੀ ਜਮਾਤ ਦੀ ਪੀੜ ਨੂੰ ਬਿਆਨਦਾ ਹੈ। ਦ੍ਰਿਸ਼ ਚਿਤਰਣ, ਮਲਵਈ ਸੰਵਾਦ, ਮਲਵਈ ਸਭਿਆਚਾਰ ਦੀ ਪੇਸ਼ਕਾਰੀ, ਵਿਅੰਗ ਆਦਿ ਉਸ ਦੀਆਂ ਕਥਾ ਵਿਧੀ ਦੀਆਂ ਵਿਸ਼ੇਸ਼ਤਾਵਾਂ ਹਨ। ਮਲਵਈ ਰਹਿਤਲ ਨੂੰ ਸਮਝਣ ਲਈ ਉਸ ਦੀਆਂ ਰਚਨਾਵਾਂ ਕਾਰਗਰ ਸਿੱਧ ਹੋ ਸਕਦੀਆਂ ਹਨ। ਉਸ ਦੀ ਪ੍ਰਸਿੱਧ ਕਹਾਣੀ 'ਘੜੀ ਤਾਂ ਖਰਾਬ ਹੋ-ਗੀ!' ਵਿਦਿਆਰਥੀਆਂ ਦੇ ਸਨਮੁੱਖ ਹੈ।